# ਆਲਮੀ ਆਰਥਕ ਸੰਕਟ ਤੇ ਲੋਕ

ਆਲਮੀ ਆਰਥਕ ਸੰਕਟ ਨੇ ਹਰ ਪਾਸੇ ਉਥਲ ਪੁਥਲ ਮਚਾਈ ਹੋਈ ਹੈ। ਆਮ ਰਾਏ ਹੈ ਕਿ ਇਸ ਸੰਕਟ ਨੂੰ ਪੈਦਾ ਕਰਨ ਦੀ ਜ਼ਿੰਮੇਵਾਰੀ ਵੱਡੇ ਫਾਇਨੈਂਸ਼ਲ ਅਦਾਰਿਆਂ ਅਤੇ ਸਿਆਸੀ ਲੀਡਰਾਂ ਸਿਰ ਹੈ। ਹਰ ਰੋਜ਼ ਸਰਕਾਰੀ ਲੀਡਰ ਬਿਆਨ ਜਾਰੀ ਕਰਦੇ ਹਨ ਕਿ ਇਸ ਮਸਲੇ ਦੇ ਹੱਲ ਲਈ ਫਲਾਣੇ ਫਲਾਣੇ ਕਦਮ ਚੁੱਕੇ ਗਏ ਹਨ। ਇਸ ਸੰਕਟ ਲਈ ਜ਼ਿੰਮੇਵਾਰ ਧਨਾਢ ਟੋਲੇ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਅਰਬਾਂ ਖਰਬਾਂ ਡਾਲਰ ਦਿੱਤੇ ਜਾਣ ਦੇ ਫੌਰਨ ਬਾਅਦ ਹੀ ਉਹ ਇਹ ਵੀ ਕਹਿ ਦਿੰਦੇ ਹਨ ਕਿ ਜਿਹੜੇ ਕਦਮ ਉਨ੍ਹਾਂ ਨੇ ਚੁੱਕੇ ਹਨ ਉਨ੍ਹਾਂ ਨਾਲ ਇਹ ਮਸਲਾ ਹੱਲ ਨਹੀਂ ਹੋਣ ਵਾਲਾ ਇਸ ਲਈ ਇਨ੍ਹਾਂ ਵਡੇਰਿਆਂ ਨੂੰ ਹਾਲੇ ਹੋਰ ਪੈਸੇ ਦੇਣੇ ਚਾਹੀਦੇ ਹਨ। ਇੰਜ ਸਰਕਾਰ ਅਤੇ ਰਿਆਸਤ ਲੋਕਾਂ ਦਾ ਪੈਸਾ ਇਨ੍ਹਾਂ ਦੇ ਹਵਾਲੇ ਕਰੀ ਹੀ ਜਾ ਰਹੇ ਹਨ। ਇਕ ਪਾਸੇ ਅਮੀਰਾਂ ਦੀਆਂ ਜੇਬਾਂ ਵਿਚ ਅਰਬਾਂ ਡਾਲਰ ਪਾਏ ਜਾ ਰਹੇ ਹਨ ਤੇ ਦੂਜੇ ਪਾਸੇ ਕਰੋੜਾਂ ਹੀ ਲੋਕਾਂ ਨੂੰ ਬੇਰੁਜ਼ਗਾਰੀ, ਗੁਰਬਤ ਅਤੇ ਭੈੜੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਰ ਰੋਜ਼ ਬੁਰੀਆਂ ਖ਼ਬਰਾਂ ਹਨ। ਇਸ ਸੰਕਟ ਦਾ ਕੋਈ ਹੱਲ ਨਜ਼ਰ ਨਹੀਂ ਆਉਂਦਾ ਦਿਸਦਾ। ਸਰਕਾਰਾਂ ਨੇ ਜਿਹੜੇ ਵੀ ਕਦਮ ਚੁੱਕੇ ਹਨ ਉਨ੍ਹਾਂ ਨਾਲ ਇਹ ਸੰਕਟ ਹੋਰ ਵੀ ਡੂੰਘਾ ਹੁੰਦਾ ਜਾਪਦਾ ਹੈ।

ਅਮਰੀਕਾ, ਇੰਗਲੈਂਡ ਅਤੇ ਯੂਰੋਪ ਵਿਚ ਲੱਖਾਂ ਹੀ ਲੋਕਾਂ ਨੇ ਹੜਤਾਲਾਂ, ਮੁਜ਼ਾਹਰੇ ਅਤੇ ਹੋਰ ਵਿਖਾਵੇ ਕਰਕੇ ਰਿਆਸਤ ਅਤੇ ਸਰਕਾਰ ਦੀ ਅਮੀਰਾਂ ਦੀਆਂ ਜੇਬਾਂ ਭਰਨ ਦੀ ਨੀਤੀ ਦੀ ਪੁਰਜ਼ੋਰ ਨਿਖੇਧੀ ਅਤੇ ਮੁਖ਼ਾਲਫ਼ਤ ਕੀਤੀ ਹੈ। ਪਰ ਸਰਕਾਰ ਅਤੇ ਰਿਆਸਤ ਅਮੀਰਾਂ ਦੀਆਂ ਜੇਬਾਂ ਭਰਨ ਤੋਂ ਬਾਜ਼ ਨਹੀਂ ਆ ਰਹੇ ਤੇ ਬਾਰ ਬਾਰ ਉਨ੍ਹਾਂ ਹੀ ਅਦਾਰਿਆਂ ਅਤੇ ਬੰਦਿਆਂ ਨੂੰ ਲੋਕਾਂ ਦੇ ਖ਼ਜ਼ਾਨੇ ਤੋਂ ਪੈਸੇ ਦੇਈ ਜਾ ਰਹੇ ਹਨ ਜਿਨ੍ਹਾਂ ਨੇ ਇਹ ਸੰਕਟ ਖੜਾ ਕੀਤਾ ਹੈ। ਮੁਲਕਾਂ ਦੇ ਲੀਡਰ ਲੋਕਾਂ ਨੂੰ ਕੁਰਾਹੇ ਪਾ ਰਹੇ ਹਨ ਕਿ ਇਸ ਦੇ ਅਲਾਵਾ ਹੋਰ ਕੋਈ ਚਾਰਾ ਨਹੀਂ।

ਪਰ ਲੋਕ ਉਨ੍ਹਾਂ ਦੀ ਇਹ ਦਲੀਲ ਕਬੂਲ ਨਹੀਂ ਕਰ ਰਹੇ ਤੇ ਗੋਸ਼ਟੀਆਂ, ਸੈਮੀਨਾਰਾਂ, ਮੁਜ਼ਾਹਰਿਆਂ, ਹੜਤਾਲਾਂ ਦੌਰਾਨ ਕਈ ਤਰ੍ਹਾਂ ਦੇ ਇਲਾਜ ਇਸ ਸੰਕਟ ਨੂੰ ਹੱਲ ਕਰਨ ਲਈ ਪੇਸ਼ ਕਰ ਰਹੇ ਹਨ। ਲੋਕਾਂ ਦਾ ਇਕ ਸੁਝਾਅ ਇਹ ਹੈ ਕਿ ਇਹ ਅਰਬਾਂ ਖਰਬਾਂ ਡਾਲਰ ਇਨ੍ਹਾਂ ਵਡੇਰਿਆਂ ਨੂੰ ਨਾ ਦੇ ਕੇ ਸਿੱਧੇ ਲੋਕਾਂ ਨੂੰ ਦਿੱਤੇ ਜਾਣ ਜਿਸ ਨਾਲ ਲੋਕਾਂ ਦੇ ਸਿਰ ਤੇ ਚੜ੍ਹੇ ਕਰਜ਼ੇ ਖਤਮ ਹੋ ਸਕਦੇ ਹਨ ਅਤੇ ਉਨ੍ਹਾਂ ਕੋਲ ਖਰਚ ਕਰਨ ਲਈ ਕੁਝ ਪੈਸੇ ਵੀ ਹੋਣਗੇ ਜਿਸ ਨਾਲ ਉਹ ਵਸਤਾਂ ਅਤੇ ਲੋੜੀਂਦਾ ਸੇਵਾਵਾਂ ਉੱਤੇ ਪੈਸੇ ਖ਼ਰਚ ਕਰ ਸਕਣ ਦੇ ਕਾਬਲ ਹੋਣਗੇ ਤੇ ਆਰਥਿਕਤਾ ਦੀ ਖੜੀ ਗੱਡੀ ਇਕ ਬਾਰ ਫਿਰ ਚੱਲ ਪਵੇਗੀ। ਇਕ ਹੋਰ ਸੁਝਾਅ ਵੀ ਦਿੱਤਾ ਜਾ ਰਿਹਾ ਹੈ ਕਿ ਇਕ ਨਵੇਂ ਤਰੀਕੇ ਦੇ ਬੈਂਕ ਸ਼ੁਰੂ ਕੀਤੇ ਜਾਣ ਜੋ ਲੋਕਾਂ ਨੂੰ ਕਰਜ਼ੇ ਦੇਣ। ਬੈਂਕਾਂ ਇਹ ਕਰਜ਼ੇ ਵੱਧ ਤੋਂ ਵੱਧ ਮੁਨਾਫ਼ੇ ਕਮਾਉਣ ਲਈ ਨਹੀਂ ਬਲਕਿ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੇਣ। ਕਿਉਂਕਿ ਜਦੋਂ ਬੈਂਕਾਂ ਦਾ ਟੀਚਾ ਵੱਧ ਤੋਂ ਵੱਧ ਮੁਨਾਫ਼ੇ ਕਮਾਉਣ ਦਾ ਹੁੰਦਾ ਹੈ ਤਾਂ ਉਹ ਸੱਟੇਬਾਜ਼ੀ ਵਿਚ ਪੈ ਜਾਂਦੇ ਹਨ ਅਤੇ ਲੋਕਾਂ ਦੇ ਪੈਸੇ ਨੂੰ ਦਾਅ ਤੇ ਲਾ ਦਿੰਦੇ ਹਨ ਅਤੇ ਜਦੋਂ ਉਨ੍ਹਾਂ ਦਾ ਦਿਵਾਲਾ ਨਿਕਲਦਾ ਹੈ ਤਾਂ ਉਹ ਲੋਕਾਂ ਨੂੰ ਬਿਲਕੁਲ ਜਵਾਬਦੇਹ ਨਹੀਂ ਹੁੰਦੇ। ਇਹੋ ਜਿਹੇ ਸੁਝਾਅ ਲੋਕ ਦੇ ਰਹੇ ਹਨ। ਇਨ੍ਹਾਂ ਸਾਰੇ ਹੀ ਸੁਝਾਵਾਂ ਦਾ ਇਕ ਟੀਚਾ ਹੈ ਕਿ ਆਰਥਿਕਤਾ ਦਾ ਮੰਤਵ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨਾ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਵੀ ਕੀਮਤ ਤੇ ਵਡੇਰਿਆਂ ਦੇ ਮੁਨਾਫ਼ੇ ਵੱਧ ਤੋਂ ਵਧੇਰੇ ਕਰਨੇ।

ਪਰ ਇਨ੍ਹਾਂ ਸੁਝਾਵਾਂ ਤੇ ਨਾ ਤਾਂ ਅਮਰੀਕਨ ਕਾਂਗਰਸ, ਨਾ ਇੰਗਲੈਂਡ ਦੀ ਪਾਰਲੀਮੈਂਟ ਅਤੇ ਨਾ ਕੋਈ ਹੋਰ ਸਰਕਾਰੀ ਜਾਂ ਰਿਆਸਤੀ ਅਦਾਰਾ ਬਹਿਸ ਅਤੇ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹੈ। ਉਹ ਇਕੋ ਰਾਗ ਅਲਾਪੀ ਜਾ ਰਹੇ ਹਨ ਕਿ ਖ਼ਜ਼ਾਨਾ ਵਡੇਰਿਆਂ ਦੇ ਹਵਾਲੇ ਕਰਨ ਦੇ ਅਲਾਵਾ ਕੋਈ ਹੋਰ ਚਾਰਾ ਅਤੇ ਰਾਹ ਨਹੀਂ।

ਲੋਕਾਂ ਦੀ ਰਾਏ ਹੋਰ ਹੈ ਤੇ ਸਰਕਾਰ ਤੇ ਰਿਆਸਤ ਦੀ ਹੋਰ। ਸਰਕਾਰ ਅਤੇ ਰਿਆਸਤ ਸੰਕਟ ਲਈ ਜ਼ਿੰਮੇਵਾਰ ਜਮਾਤਾਂ ਨੂੰ ਹੀ ਖ਼ਜ਼ਾਨੇ ਦੇ ਮੂੰਹ ਖੋਲ ਕੇ ਹੋਰ ਅਮੀਰ ਬਣਾ ਰਹੇ ਹਨ। ਆਮ ਲੋਕਾਂ ਦੀ ਹਾਲਤ ਬਦਤਰ ਹੁੰਦੀ ਜਾ ਰਹੀ ਹੈ ਅਤੇ ਉਹ ਇਨ੍ਹਾਂ ਜਮਾਤਾਂ ਨੂੰ, ਜਿਨ੍ਹਾਂ ਨੇ ਸਮਾਜ ਨੂੰ ਇਸ ਸੰਕਟ ਵਿਚ ਪਾਇਆ ਹੈ, ਸਜ਼ਾ ਦੇਣਾ ਚਾਹੁੰਦੇ ਹਨ ਅਤੇ ਇਕ ਨਵੀਂ ਆਰਥਿਕਤਾ ਉਸਾਰਨਾ ਚਾਹੁੰਦੇ ਹਨ।

ਕੀ ਲੋਕ ਇਸ ਸੰਕਟ ਦਾ ਹੱਲ ਆਪਣੇ ਫਾਇਦੇ ਲਈ ਅਤੇ ਆਪਣੇ ਪੱਖ ਵਿਚ ਕਰ ਸਕਣਗੇ ? ਕੀ ਇਹ ਸੰਕਟ ਹੋਰ ਡੂੰਘਾ ਹੋਵੇਗਾ ਅਤੇ ਲੋਕਾਂ ਦੀਆਂ ਮੁਸੀਬਤਾਂ ਹੋਰ ਵਧਣਗੀਆਂ? ਕੀ ਲੋਕ ਇਸ ਸੰਕਟ ਤੋਂ ਸਿੱਖੇ ਹੋਏ ਸਬਕ ਅਤੇ ਆਪਣੇ ਸੁਝਾਅ ਸਰਕਾਰ ਅਤੇ ਰਿਆਸਤ ਤੇ ਠੋਸ ਸਕਣਗੇ? ਇਨ੍ਹਾਂ ਸੁਆਲਾਂ ਦਾ ਜਵਾਬ ਹਾਲਾਤ, ਲੋਕਾਂ ਦੀ ਜਥੇਬੰਦੀ, ਏਕਤਾ, ਸੂਝ ਅਤੇ ਸੋਧ ਤੇ ਹੀ ਨਿਰਭਰ ਹੈ ਪਰ ਲੋਕ ਸੰਜੀਦਗੀ ਨਾਲ ਇਸ ਸੰਕਟ ਤੋਂ ਨਿਕਲਣ ਲਈ ਰਾਹ ਜ਼ਰੂਰ ਲੱਭ ਰਹੇ ਹਨ।